THE PUNJAB STATE BOARD OF TECHNICAL
EDUCATION AND INDUSTRIAL TRAINING
PLOT NO. 1-A, SEC. 36-A, CHANDIGARH PH. : 0172-2615385, 2622584-85 FAX : 2660734

ਨੰ:ਪੀਐਸਬੀਆਈਟੀ/2017/1924 ਮਿਤੀ 13-09-2017

ਵੱਲ:

ਸਮੂਹ ਪ੍ਰਿੰਸੀਪਲ
ਸਾਰੀਆਂ ਸਰਕਾਰੀ/ਗੈਰ ਸਰਕਾਰੀ ਬਹੁਤਕਨੀਕੀ
ਅਤੇ ਫਾਰਮੇਸੀ ਸੰਸਥਾਵਾਂ, ਪੰਜਾਬ ਅਤੇ ਚੰਡੀਗੜ੍ਹ।

## ਯਾਦ ਪੱਤਰ-।

ਵਿਸ਼ਾ: ਸਾਲ **2017-18** ਦੀ ਪਹਿਲੇ ਅਤੇ ਦੂਜੇ ਦੌਰ ਦੀ ਆਨ-ਲਾਈਨ ਕਾਊਂਸਲਿੰਗ ਤੋ ਬਾਅਦ ਐਡਮਿਸਨ ਦੋਰਾਨ ਵਿਦਿਆਰਥੀਆਂ ਦਾ ਰਿਪੋਰਟ ਨਾ ਕਰਨ ਤੋਂ ਬਾਅਦ ਸੰਭਾਵਿਤ ਫੀਸ ਰਿਫੰਡ ਸਬੰਧੀ।

ਹਵਾਲਾ: ਪੀਐਸਬੀਆਈਟੀ/2017/1519 ਮਿਤੀ 26.07.2017

ਉਪਰੋਕਤ ਵਿਸੇ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿਚ ਸਮੂਹ ਸੰਸਥਾਵਾਂ ਦੇ ਪ੍ਰਿੰਸੀਪਲ ਸਹਿਬਾਨ ਨੂੰ ਯਾਦ ਕਰਵਾਇਆ ਜਾਂਦਾ ਹੈ ਕਿ ਉਹਨਾਂ ਦੀ ਸੰਸਥਾਂ ਵਿਚ ਸਾਲ 2017-18 ਲਈ ਪਹਿਲੇ ਅਤੇ ਦੂਜੇ ਦੌਰ ਦੀ ਐਡਮਿਸਨ ਦੌਰਾਨ ਜਿਹੜੇ ਵਿਦਿਆਰਥੀਆਂ ਵੱਲੋਂ ਕਿਸੇ ਕਾਰਨ ਸੰਸਥਾ ਵਿਚ ਰਿਪੋਰਟ/ਜੁਆਇੰਨ ਨਹੀਂ ਕੀਤਾ ਗਿਆ, ਉਹਨਾਂ ਵਿਦਿਆਰਥੀਆਂ ਦੀ ਬਣਦੀ ਫੀਸ ਦਾ ਰਿਫੰਡ ਬੋਰਡ ਦਫਤਰ ਨੂੰ ਮਿਤੀ 14.09.2017 ਤੋਂ ਪਹਿਲਾਂ ਆਨ ਲਾਈਨ ਅਪਲਾਈ ਕਰਵਾਉਣਾਂ ਯਕੀਨੀ ਬਣਾਇਆ ਜਾਵੇ। ਕਿਉਂ ਜੋ ਬੋਰਡ ਦਫਤਰ ਵੱਲੋਂ ਸੈਸ਼ਨ 2017-18 ਦੇ ਆਫ ਲਾਈਨ ਫੀਸ ਰਿਫੰਡ ਦੀ ਕੋਈ ਵੀ ਪਾਲਿਸੀ ਨਹੀਂ ਹੈ ਇਸ ਲਈ ਆਨ-ਲਾਈਨ ਫੀਸ ਰਿਫੰਡ ਅਪਲਾਈ ਕਰਨ ਵਾਲੇ ਵਿਦਿਆਰਥੀਆਂ ਨੂੰ ਹੀ ਫੀਸ ਦਾ ਰਿਫੰਡ ਮਿਲਣਾ ਸੰਭਵ ਹੋ ਸਕੇਗਾ।

ਯੋਗ ਹੋਵੇਗਾ ਕਿ ਸੰਸਥਾ ਮੁੱਖੀ ਆਪਣੇ ਅਧੀਨ ਐਡਮਿਸ਼ਨ ਸੈਲ ਇੰਚਾਰਜ ਨੂੰ ਹਦਾਇਤ ਕਰਕੇ ਵਿਦਿਆਰਥੀਆਂ ਦੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਆਨ ਲਾਈਨ ਫੀਸ ਦਾ ਰਿਫੰਡ 14.09.2017 ਤੋਂ ਪਹਿਲਾਂ ਮੁਕੰਮਲ ਕਰਵਾ ਲੈਣ ਤਾਂ ਜੋ ਨਿਰਧਾਰਤ ਮਿਤੀ ਤੋ ਬਾਅਦ ਵਿਦਿਆਰਥੀਆਂ ਨੂੰ ਫੀਸ ਦਾ ਰਿਫੰਡ ਲੈਣ ਸਬੰਧੀ ਕਿਸੇ ਤਰ੍ਹਾਂ ਦੀ ਮੁਸਕਿਲ ਦਾ ਸਾਹਮਣਾ ਨਾ ਕਰਨਾ ਪਵੇ।

13/9/17
ਡਾਇਰੈਕਟਰ ਅਕਾਦਮਿਕ
6/9/2017